**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ. ਨਗਰ**

(ਸੇਵਾਵਾਂ-3 ਸਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਮੰਡਲ ਸਿੱਖਿਆ ਅਫ਼ਸਰ /
ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.)।

ਮੀਮੋ ਨੰ: 14/108-2017ਸੇ3(4)
ਮਿਤੀ: 30.11.2017

**ਵਿਸ਼ਾ:-** **ਲੈਕਚਰਾਰ ਤੋਂ ਪੀ.ਈ.ਐਸ. (ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ. ਵਿੱਚ ਬਤੌਰ ਪ੍ਰਿੰਸੀਪਲ ਪਦ-ਉੱਨਤੀਆਂ ਹੋਣ ਉਪਰੰਤ ਹਾਜਰੀ ਰਿਪੋਰਟ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

1. ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ (ਸਿ-4 ਸ਼ਾਖਾ) ਦੇ ਹੁਕਮ ਨੰ: 1/40/2017-2ਸਿ4 /1114756/1-12 ਮਿਤੀ 28.11.2017 ਰਾਹੀਂ ਰਾਜ ਦੇ ਲੈਕਚਰਾਰ ਤੋਂ ਪੀ.ਈ.ਐਸ. (ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ. ਵਿੱਚ ਪ੍ਰਿੰਸੀਪਲਾਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਹਨ।

2. ਇਨ੍ਹਾਂ ਹੁਕਮਾਂ ਦੇ ਪੈਰ੍ਹਾ 2. (ਕ) ਵਿੱਚ ਪਦ-ਉੱਨਤ ਹੋਏ ਅਧਿਕਾਰੀਆਂ ਨੂੰ ਆਪਣੀ ਹਾਜਰੀ ਰਿਪੋਰਟ ਹੁਕਮ ਜਾਰੀ ਹੋਣ ਦੀ ਮਿਤੀ ਤੋਂ 3 ਦਿਨਾਂ ਦੇ ਅੰਦਰ-ਅੰਦਰ **ਦਫ਼ਤਰ:** ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ ਵਿਖੇ ਦੇਣ ਲਈ ਹਦਾਇਤ ਕੀਤੀ ਗਈ ਸੀ। ਸਰਕਾਰ ਦੇ ਹੁਕਮ ਨੰ: 1/40/2017-2ਸਿ4 /1115846/1 ਮਿਤੀ 29.11.2017 ਰਾਹੀਂ ਇਨ੍ਹਾਂ ਪਦ-ਉੱਨਤ ਹੋਏ ਅਧਿਕਾਰੀਆਂ ਨੂੰ ਤੈਨਾਤੀਆਂ ਦੇ ਹੁਕਮ ਦੇਣ ਲਈ ਮਿਤੀ 01.12.2017 ਅਤੇ 02.12.2017 ਨੂੰ ਆਡੀਟੋਰੀਅਮ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ ਵਿਖੇ ਕਾਊਂਸਲਿੰਗ ਰੱਖੀ ਗਈ ਹੈ, ਜੋ ਨਿਰਧਾਰਿਤ ਕੀਤੇ ਸ਼ਡਿਊਲ ਅਨੁਸਾਰ ਹੀ ਹੋਵੇਗੀ।

3. ਇਨ੍ਹਾਂ ਹੁਕਮਾਂ ਦੇ ਪੈਰ੍ਹਾ 2. (ਕ) ਵਿੱਚ ਦਰਸਾਈ ਸ਼ਰਤ ਦੀ ਪਾਲਣਾ ਕਰਦੇ ਹੋਏ ਜਿਨ੍ਹਾਂ ਲੈਕਚਰਾਰਾਂ ਨੇ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ ਦੇ ਦਫ਼ਤਰ ਵਿੱਚ ਮਿਤੀ 29.11.2017 ਅਤੇ 30.11.2017 ਨੂੰ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ. ਹਾਜਰੀ ਦਿੱਤੀ ਹੈ, ਉਸ ਨੂੰ ਨਿਰੱਸਤ ਕੀਤਾ ਜਾਂਦਾ ਹੈ।

4. ਇਨ੍ਹਾਂ ਅਧਿਕਾਰੀਆਂ ਨੂੰ ਕਾਊਂਸਲਿੰਗ ਦੌਰਾਨ ਅਲਾਟ ਹੋਏ ਸਟੇਸ਼ਨ ਤੇ ਹਾਜਰ ਹੋਣ ਦੀ ਮਿਤੀ ਤੋਂ ਬਣਦੇ ਲਾਭ ਮਿਲਣਯੋਗ ਹੋਣਗੇ ਅਤੇ ਨਵੇਂ ਸਟੇਸ਼ਨ ਤੇ ਹਾਜਰ ਹੋਣ ਤੱਕ ਆਪਣੇ ਪੁਰਾਣੇ ਸਟੇਸ਼ਨ ਤੇ ਪੁਰਾਣੇ ਅਹੁਦੇ ਤੇ ਹੀ ਕੰਮ ਕਰਦੇ ਰਹਿਣਗੇ। ਨਵੇਂ ਸਟੇਸ਼ਨ ਤੇ ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ ਹਾਜਰ ਨਾ ਹੋਣ ਦੀ ਸੂਰਤ ਵਿੱਚ ਰੂਲਾਂ/ਨਿਯਮਾਂ ਅਨੁਸਾਰ ਦੋ ਸਾਲ ਲਈ ਡੀਬਾਰ ਕਰ ਦਿੱਤਾ ਜਾਵੇਗਾ।

ਇਹ ਹੁਕਮ ਮਾਨਯੋਗ ਸਕੱਤਰ, ਸਕੂਲ ਸਿੱਖਿਆ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ, ਐਸ.ਏ.ਐਸ. ਨਗਰ

ਪਿੱਠ ਅੰਕਣ ਨੰ: ਉਕਤ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ / ਸਕੱਤਰ ਸਕੂਲ ਸਿੱਖਿਆ ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ, ਚੰਡੀਗੜ੍ਹ ਪ੍ਰਸਾਸ਼ਨ, ਚੰਡੀਗੜ੍ਹ।
5. ਪੀ.ਏ. / ਡੀ.ਪੀ.ਆਈ. (ਸੈ.ਸਿ.), ਪੰਜਾਬ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ, ਐਸ.ਏ.ਐਸ. ਨਗਰ